**ਪੰਜਾਬ ਸਕੂਲ ਸਿੱਖਿਆ ਬੋਰਡ**
**ਸਾਹਿਬਜਾਦਾ ਅਜੀਤ ਸਿੰਘ ਨਗਰ -160062**
**(ਕਾਰਜ ਸੰਚਾਲਨ ਸ਼ਾਖਾ)**

ਨੰ:ਪਸਸਬ-ਸਸ(ਕਸ)-2025/ 2595
ਮਿਤੀ: 12/08/25

ਵੱਲ

ਸਮੂਹ ਕੇਂਦਰ ਸੁਪਰਡੰਟ
ਅਨੁਪੂਰਕ ਪਰੀਖਿਆਵਾਂ ਅਗਸਤ-2025

**ਵਿਸ਼ਾ** **ਦਸਵੀਂ ਅਤੇ ਬਾਰਵੀਂ ਸ਼੍ਰੇਣੀ ਅਗਸਤ 2025 ਅਨੁਪੂਰਕ ਪਰੀਖਿਆ (ਕੰਪਾਰਟਮੈਂਟ/ਰੀ-ਅਪੀਅਰ, ਸਮੇਤ ਓਪਨ ਸਕੂਲ), ਵਾਧੂ ਵਿਸ਼ਾ ਅਤੇ ਓਪਨ ਸਕੂਲ ਬਲਾਕ-II ਦੀ ਪਰੀਖਿਆ ਦੇ ਸੰਚਾਲਨ ਸਬੰਧੀ।**

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ ਬਾਰਵੀਂ ਸ਼੍ਰੇਣੀ ਦੀਆਂ ਵਿਸ਼ਾ ਅੰਕਿਤ ਪਰੀਖਿਆਵਾਂ **ਮਿਤੀ 08-08-2025 ਤੋਂ 29-08-2025** ਤੱਕ ਸਵੇਰੇ **11.00** ਵਜੇ ਤੋਂ ਬੋਰਡ ਵੱਲੋਂ ਸਥਾਪਿਤ ਕੀਤੇ ਪਰੀਖਿਆ ਕੇਂਦਰਾਂ ਵਿਖੇ ਚੱਲ ਰਹੀਆਂ ਹਨ। ਧਿਆਨ ਵਿੱਚ ਆਇਆ ਹੈ ਕਿ ਕੁੱਝ ਕੇਂਦਰ ਸੁਪਰਡੰਟਾਂ ਵੱਲੋਂ ਮੌਜੂਦਾ ਕੰਟਰੋਲਰ ਪਰੀਖਿਆਵਾਂ ਸ੍ਰੀ ਲਵਿਸ਼ ਚਾਵਲਾ ਜੀ ਦੀ ਮੋਹਰ ਦੀ ਥਾਂ ਤਤਕਾਲੀ ਕੰਟਰੋਲਰ ਪਰੀਖਿਆਵਾਂ ਜੀ ਦੀਆਂ ਪੁਰਾਣੀਆਂ ਮੋਹਰਾਂ ਦੀ ਵਰਤੋਂ ਕੀਤੀ ਜਾ ਰਹੀ ਹੈ।

ਸਮੂਹ ਕੇਂਦਰ ਸੁਪਰਡੰਟਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਡੇਟਸ਼ੀਟ ਅਨੁਸਾਰ ਬਾਕੀ ਰਹਿੰਦੇ ਵਿਸ਼ਿਆਂ ਦੀ ਪਰੀਖਿਆਵਾਂ ਦੌਰਾਨ ਕੇਵਲ ਮੁੱਖ ਦਫਤਰ ਵੱਲੋਂ ਸੁਪਰਡੰਟ ਪੈਕਟਾਂ ਵਿੱਚ ਭੇਜੀ ਗਈ ਮੌਜੂਦਾ ਕੰਟਰੋਲਰ ਪਰੀਖਿਆਵਾਂ ਸ੍ਰੀ ਲਵਿਸ਼ ਚਾਵਲਾ ਜੀ ਦੀ ਮੋਹਰ ਦੀ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ।

ਜੇਕਰ ਕਿਸੇ ਪਰੀਖਿਆ ਕੇਂਦਰ ਵਿੱਚ ਮੌਜੂਦਾ ਕੇਂਦਰ ਕੰਟਰੋਲਰ ਪਰੀਖਿਆਵਾਂ ਜੀ ਦੀ ਮੋਹਰ ਉਪਲਬਧ ਨਹੀਂ ਹੈ ਤਾਂ ਤੁਰੰਤ ਈ-ਮੇਲ ਆਈ.ਡੀ. – conductpseb@gmail.com 'ਤੇ ਲਿਖਤੀ ਰੂਪ ਵਿੱਚ ਭੇਜਿਆ ਜਾਵੇ ਅਤੇ ਸੰਪਰਕ ਨੰਬਰ 0172-5227303 'ਤੇ ਫੋਨ ਕਰਕੇ ਸੂਚਿਤ ਕੀਤਾ ਜਾਵੇ।

ਅਜਿਹਾ ਨਾ ਕਰਨ ਤੇ ਸਬੰਧਤ ਕੇਂਦਰ ਸੁਪਰਡੰਟ ਵਿਰੁੱਧ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

12.8.25
ਸੁਪਰਡੰਟ (ਕ.ਸ)
ਪੰਜਾਬ ਸਕੂਲ ਸਿੱਖਿਆ ਬੋਰਡ